## ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਵੱਲ

1. **ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ**
2. **ਸਮੂਹ ਸਕੂਲ ਮੁੱਖੀ।**

**ਮੀਮੋ ਨੰ**: Transfer Cell/2026/485237/3058

**ਮਿਤੀ**: 06.10.2026

ਵਿਸ਼ਾ: ਅਧਿਆਪਕ, ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਦੀਆਂ ਬਦਲੀਆਂ ਦੀਆਂ ਬੇਨਤੀਆਂ ਡੀ.ਡੀ.ਓ/ਸਕੂਲ ਮੁੱਖੀ ਵਲੋਂ ਤਸਦੀਕ ਕਰਨ ਸਬੰਧੀ।

**1.0** ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ: 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ Teacher Transfer Policy 2019 ਜਾਰੀ ਕੀਤੀ ਗਈ ਹੈ ਅਤੇ ਉਸ ਉਪਰੰਤ ਪਾਲਿਸੀ ਵਿੱਚ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ: 5/3-ICT-2019/Trans/303800 ਮਿਤੀ 13.09.2019 ਅਤੇ ਨਾਨ ਟੀਚਿੰਗ ਸਟਾਫ ਲਈ ਤਬਦਾਲਾ ਨੀਤੀ ਮੀਮੋ ਨੰ: 2/14/2020-2edu3/2020487/1 ਮਿਤੀ 27.05.2020 ਜਾਰੀ ਕੀਤੀ ਗਈ ਹੈ।

**2.0** ਸਿੱਖਿਆ ਵਿਭਾਗ ਵਲੋਂ ਜਾਰੀ ਅਧਿਸੂਚਨਾਂ SED-EDU6021/2/2023-1ਸਿ6/30 ਮਿਤੀ 26.02.2024 ਅਨੁਸਾਰ Exempted Category ਅਧੀਨ ਕਵਰ ਹੋਣ ਵਾਲੇ ਅਧਿਆਪਕ/ਕੰਪਿਊਟਰ ਫੈਕਲਟੀ/ ਨਾਨ ਟੀਚਿੰਗ ਸਟਾਫ ਨੂੰ ਬਦਲੀ ਲਈ ਵੇਰਵੇ ਜਿਵੇਂ ਕਿ General Details, Results, Service Record ਮਿਤੀ 23.09.2026 ਤੋਂ 30.09.2026 ਤੱਕ ਭਰਨ ਲਈ ਸਮਾਂ ਦਿੱਤਾ ਗਿਆ ਸੀ।

**3.0** ਦਰਖਾਸਤ ਕਰਤਾਵਾਂ ਵਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਹੈ ਉਸ ਦੀ ਤਸਦੀਕ ਸਕੂਲ ਮੁੱਖੀ/ਡੀ.ਡੀ.ਓ ਵਲੋਂ ਮਿਤੀ 06.10.2026 ਤੋਂ 10.10.2026 ਤੱਕ ਕੀਤੀ ਜਾਣੀ ਹੈ। ਇਸ ਮੰਤਵ ਲਈ ਸਕੂਲ ਮੁੱਖੀ/ਡੀ.ਡੀ.ਓ ਈ ਪੰਜਾਬ ਪੋਰਟਲ ਤੇ ਲਾਗ ਇਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer and Verification ਤੇ ਜਾ ਕੇ ਦਰਖਾਸਤਕਰਤਾ ਵਲੋਂ ਭਰੇ ਡਾਟਾ ਦੀ ਵੈਰੀਫਿਕੇਸਨ ਕਰਨਗੇ। ਵੈਰੀਫਿਕੇਸਨ ਉਰਪੰਤ ਜੇਕਰ ਰਿਕਾਰਡ ਅਨੁਸਾਰ ਬਿਨੈਕਾਰ ਦਾ ਡਾਟਾ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਸਕੂਲ ਮੁੱਖੀ/ਡੀ.ਡੀ.ਓ ਉਸ ਨੂੰ ਆਪਣੀ ਤਸੱਲੀ ਕਰਨ ਉਪਰੰਤ ਦਰੁੱਸਤ ਕਰਨਾ ਯਕੀਨੀ ਬਣਾਉਣਗੇ। ਸਕੂਲ ਮੁੱਖੀ/ਡੀ.ਡੀ.ਓ ਡਾਟਾ ਵੈਰੀਫਿਕੇਸਨ ਕਰਨ ਉਪਰੰਤ Approve ਦਾ ਬਟਨ ਦਬਾਉਣਗੇ।

6.10.26

**ਸਹਾਇਕ ਡਾਇਰੈਕਟਰ (ਟਰਾਂਸਫਰ ਸੈੱਲ)**